ਅਤਿ ਜਰੂਰੀ/ ਸਮਾਂ ਬੱਧ/ ਮਿਤੀ ਬੱਧ

**ਚੋਣਕਾਰ ਰਜਿਸਟਰੇਸ਼ਨ ਅਫਸਰ, 014-ਜੰਡਿਆਲਾ (ਅ.ਜ) ਵਿਧਾਨ ਸਭਾ ਹਲਕਾ-ਕਮ-**
**ਜਿਲ੍ਹਾ ਟਰਾਂਸਪੋਰਟ ਅਫਸਰ, ਅੰਮ੍ਰਿਤਸਰ।**

ਵੱਲ

1. ਜਿਲ੍ਹਾ ਸਿਖਿਆ ਅਫਸਰ(ਸੈਕੰਡਰੀ),
   ਅੰਮ੍ਰਿਤਸਰ।
2. ਜਿਲ੍ਹਾ ਸਿਖਿਆ ਅਫਸਰ(ਐਲੀਮੈਂਟਰੀ),
   ਅੰਮ੍ਰਿਤਸਰ।
3. ਪ੍ਰਿੰਸੀਪਲ,
   ਆਈ.ਟੀ.ਆਈ., ਬੰਡਾਲਾ।
4. ਕਾਰਜ ਸਾਧਕ ਅਫਸਰ,
   ਜੰਡਿਆਲਾ ਗੁਰੂ।
5. ਸੱਕਤਰ ਮਾਰਕੀਟ ਕਮੇਟੀ,
   ਮਹਿਤਾ।

ਪੱਤਰ ਨੰ :-2544-48 ਮਿਤੀ:- 19/12/16

ਵਿਸ਼ਾ:- **ਅਗਾਮੀ ਵਿਧਾਨ ਸਭਾ ਦੀਆਂ ਆਮ ਚੋਣਾਂ 2017 ਦੇ ਸਬੰਧ ਵਿਚ ਬੂਥਾਂ ਤੇ ਬੂੱਥ ਨੰ ਅਤੇ ਬੀ.ਐਲ.ਓ ਦਾ ਨਾਮ ਅਤੇ ਮੋਬਾਇਲ ਨੰ ਪੱਕੇ ਤੋਰ ਤੇ ਲਿਖਵਾਉਣ ਅਤੇ ਪੀਣ ਵਾਲੇ ਪਾਣੀ ਦੇ ਹੈਂਡ ਪੰਪ/ ਸਮਰਸੀਬਲ ਚਾਲੂ ਰੱਖਣ ਸਬੰਧੀ।**

ਵਿਸ਼ਾ ਅੰਕਿਤ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਮੁੱਖ ਚੋਣ ਅਫਸਰ ਪੰਜਾਬ ਚੰਡੀਗੜ੍ਹ ਜੀ ਦੀਆਂ
ਹਦਾਇਤਾ ਦੀ ਪਾਲਣਾ ਕਰਦੇ ਹੋਏ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ-2017 ਦੇ ਸਬੰਧ
ਵਿਚ ਜਿਨ੍ਹਾ ਸਕੂਲਾ/ ਲੋਕੇਸ਼ਨਾ ਵਿਚ ਪੋਲਿੰਗ ਸਟੇਸ਼ਨ ਸਥਾਪਿਤ ਹਨ ਉਹਨਾਂ ਸਕੂਲਾ/ ਲੋਕੇਸ਼ਨਾ ਵਿਚ ਪੋਲਿੰਗ ਸਟੇਸ਼ਨ ਨੰ.,
ਬੀ.ਐਲ.ਓ ਦਾ ਨਾਮ ਅਤੇ ਮੋਬਾਇਲ ਨੰ ਪੱਕੇ ਤੋਰ ਤੇ ਲਿਖਵਾ ਦਿੱਤਾ ਜਾਵੇ। ਅਤੇ ਸਕੂਲਾ ਦੇ ਹੈਂਡ ਪੰਪ ਅਤੇ ਸਮਰਸੀਬਲ
ਵੀ ਚਾਲੂ ਹਾਲਤ ਵਿਚ ਹੋਣ ਸਬੰਧੀ ਰਿਪੋਰਟ ਮਿਤੀ 23-12-2016 ਸ਼ਾਮ 4 ਵਜੇ ਤੱਕ ਹਰ ਹਾਲਤ ਵਿਚ ਨਿਮਨ ਹਸਤਾਖਰ
ਦੇ ਦਫਤਰ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ। ਦੇਰੀ ਦੀ ਸੂਰਤ ਵਿਚ ਆਪ ਦੀ ਨਿੱਜੀ ਜ਼ਿਮੇਵਾਰੀ ਹੋਵੇਗੀ।

ਉਕਤ ਦੇ ਸਬੰਧ ਵਿਚ ਸਮੂਹ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੰਮ ਨੂੰ ਮੁਕੰਮਲ
ਕਰਨ ਲਈ ਸਮੂਹ ਬੀ.ਐਲ.ਓ ਅਤੇ ਸਕੂਲਾ ਦੇ ਪ੍ਰਿੰਸੀਪਲਾ ਨਾਲ ਤਾਲਮੇਲ ਕਰ ਲਿਆ ਜਾਵੇ ਅਤੇ ਹਰ ਇਕ ਪੋਲਿੰਗ
ਸਟੇਸ਼ਨ ਤੇ ਨਿੱਜੀ ਤੋਰ ਤੇ ਜਾ ਕੇ ਇਕ ਫੋਟੋ ਮਿਤੀ 25-12-2016 ਤੱਕ ਨਿਮਨ ਹਸਤਾਖਰ ਦੇ ਦਫਤਰ ਵਿਖੇ ਭੇਜੀ ਜਾਵੇ।

Kanwaljit Singh
ਚੋਣਕਾਰ ਰਜਿਸਟਰੇਸ਼ਨ ਅਫਸਰ
014 ਜੰਡਿਆਲਾ (ਅ.ਜ) ਵਿਧਾਨ ਸਭਾ ਚੋਣ ਹਲਕਾ-ਕਮ-
ਜਿਲ੍ਹਾ ਟਰਾਂਸਪੋਰਟ ਅਫਸਰ, ਅੰਮ੍ਰਿਤਸਰ।

ਪਿੱਠ ਅੰਕਣ ਨੰ 2549 ਮਿਤੀ:- 19/12/16

ਇਸ ਦਾ ਇਕ ਉਤਾਰਾ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨ ਅੰਮ੍ਰਿਤਸਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

Kanwaljit Singh
ਚੋਣਕਾਰ ਰਜਿਸਟਰੇਸ਼ਨ ਅਫਸਰ
014 ਜੰਡਿਆਲਾ (ਅ.ਜ) ਵਿਧਾਨ ਸਭਾ ਚੋਣ ਹਲਕਾ-ਕਮ-
ਜਿਲ੍ਹਾ ਟਰਾਂਸਪੋਰਟ ਅਫਸਰ, ਅੰਮ੍ਰਿਤਸਰ।

Scanned by CamScanner